ਦੇਸ਼ ਦੇ ਆਗੂ

ਲੁੱਟ-ਲੁੱਟ ਦੇਸ਼ ਮੇਰਾ ਦੇਖੋ ਕਿਵੇਂ ਖਾਈ ਜਾਂਦੇ
ਦੇਸ਼ ਦੇ ਹੀ ਆਗੂ ਭਵਿੱਖ ਪੈਰਾਂ 'ਚ ਰਲਾਈ ਜਾਂਦੇ

ਕਈ ਪੀੜ੍ਹੀਆਂ ਦਾ ਧਨ ਲੁੱਟ ਲਿਆ ਏਨਾ ਇੱਥੇ
ਫੜ-ਫੜ ਕਰਜ਼ਾ ਇਹ ਦੇਸ਼ ਨੂੰ ਚਲਾਈ ਜਾਂਦੇ

ਹਰ ਵਾਰ ਖੇਡਦੇ ਸਿਆਸੀ ਚਾਲਾਂ ਆਗੂ ਇੱਥੇ
ਭੋਲ਼ੀ-ਭਾਲ਼ੀ ਜਨਤਾ ਨੂੰ ਬੁੱਧੂ ਇਹ ਬਣਾਈ ਜਾਂਦੇ

ਦੇਸ਼ ਦਾ ਹੀ ਅੰਨਦਾਤਾ ਕਰਜ਼ਾਈ ਸਾਰਾ ਕਰਤਾ
ਕਰਜ਼ੇ ਦੇ ਬੋਝ ਥੱਲੇ ਕਿਰਸਾਨ ਮਰਵਾਈ ਜਾਂਦੇ

ਕਿਰਤੀ ਵਿਚਾਰਾ ਤਾਂ ਦਿਹਾੜੀ ਤੋਂ ਵੀ ਤੰਗ ਹੋਇਆ
ਆਟਾ-ਦਾਲ ਦੇ ਕੇ ਸਾਰੇ ਗਰੀਬ ਭਰਮਾਈ ਜਾਂਦੇ

ਕਦੋਂ ਇਨਸਾਫ ਦਾਤਾ ਮਿਲੂ ਇੱਥੇ ਕਿਰਤੀ ਨੂੰ
ਪੁੱਠਾ ਇੱਥੇ ਆਗੂ ਸਾਰੇ ਚੱਕਰ ਚਲਾਈ ਜਾਂਦੇ

ਇੱਕੋ ਮਾਂ ਦੇ

ਇੱਕੋ ਮਾਂ ਦੇ ਜੰਮਿਆਂ ਜਾਇਆਂ ਦਾ
ਹੁਣ ਪਿਆਰ ਵੀ ਮੁੱਕਦਾ ਜਾ ਰਿਹਾ
ਕਿਉਂ ਪਿਉ-ਦਾਦੇ ਦਾ ਦਿਲ ਵਿੱਚੋਂ
ਸਤਿਕਾਰ ਵੀ ਮੁੱਕਦਾ ਜਾ ਰਿਹਾ

ਉਹ ਵਿਰਸਾ ਕਿੱਥੇ ਗੁੰਮਿਆਂ ਏ
ਘਰ ਛੋਟੇ ਟੱਬਰ ਵੱਡੇ ਸੀ
ਹੁਣ ਘਰ ਵੱਡੇ ਜੀਅ ਥੋੜ੍ਹੇ ਨੇ
ਇਤਬਾਰ ਵੀ ਮੁੱਕਦਾ ਜਾ ਰਿਹਾ

ਜੈ ਜਵਾਨ ਤੇ ਜੈ ਕਿਸਾਨ ਦਾ
ਨਾਹਰਾ ਹਰ ਕੋਈ ਲਾਉਂਦਾ ਸੀ
ਉਹ ਅੰਨਦਾਤੇ ਨੇ ਕੀਤਾ ਜੋ
ਉਪਕਾਰ ਵੀ ਮੁੱਕਦਾ ਜਾ ਰਿਹਾ

ਪਹਿਲਾਂ ਲੋਕ ਵੀ ਸਾਰੇ ਧਰਮੀ ਸੀ
ਕਿਰਦਾਰ ਦੇ ਉਚੇ ਸੁੱਚੇ ਸਨ
ਚਿੱਟਾ ਕਿਉਂ ਹੋ ਗਿਆ ਲਹੂ ਸਭਦਾ
ਅਧਾਰ ਵੀ ਮੁੱਕਦਾ ਜਾ ਰਿਹਾ

ਕਈਆਂ ਪਾਪ ਦੀ ਹੱਦ ਮੁਕਾ ਦਿੱਤੀ
ਜਿਉਂਦੇ ਜੀਵਾਂ ਨੂੰ ਖਾ-ਖਾ ਕੇ
ਉਹ ਮਾਂਜ ਕੇ ਰੱਖਤੇ ਕੁਦਰਤ ਨੇ
ਹੰਕਾਰ ਵੀ ਮੁੱਕਦਾ ਜਾ ਰਿਹਾ

ਕਰੋ ਦੁਆਵਾਂ

ਅੰਨਦਾਤੇ ਲਈ ਕਰੇ ਦੁਆਵਾਂ ਖਲਕਤ ਸਾਰੀ।
ਮਾਵਾਂ ਦੇ ਪੁੱਤ ਮਰਵਾ ਦੇ ਨਾ ਇਹ ਵਲੀ ਕੰਧਾਰੀ।

ਦੇਸ਼ ਦਾ ਰਾਜਾ ਦੇਸ਼ ਦਾ ਦੁਸ਼ਮਨ ਬਣ ਗਿਆ ਹੈ
ਕਿਰਤੀ ਦੀਆਂ ਧਾਹਾਂ ਸੁਣਦਾ ਨਹੀਂ ਇਹ ਹੰਕਾਰੀ।

ਲੱਭਿਆ ਤੈਨੂੰ ਲੁੱਟਣ ਲਈ ਕਿਰਸਾਨ ਵਿਚਾਰਾ
ਜਾਬਰ ਮੂੰਹ ਦਾ ਮਿੱਠਾ ਕਰ ਗਿਆ ਦੇਸ਼ ਗੱਦਾਰੀ।

ਹਾਅ ਗਰੀਬ ਦੀ ਲੱਗਜੂ ਅੜੀਆਂ ਛੱਡਦੇ ਤੂੰ
ਆਖਰ ਨੂੰ ਨਿਉਣਾ ਪੈਣਾ ਛੱਡ ਦੇ ਜਿਦ ਸਾਰੀ।

ਸ਼ੇਰਾਂ ਲਈ ਤਾਂ ਲੰਡਨ ਵੀ ਕੋਈ ਦੂਰ ਨਹੀਂ
ਹੁਣ ਦਿੱਲੀ ਵੀ ਰੋਕਾਂ ਲਾ-ਲਾ ਦਿਸਦੀ ਹਾਰੀ।

ਕਿਰਤੀ ਕਾਮੇ ਰੋਹਬ ਕਿਸੇ ਦਾ ਝੱਲਦੇ ਨਹੀਂ
ਜੱਗ ਤੇ ਰਹਿਣੀ ਅੰਨਦਾਤੇ ਦੀ ਸਰਦਾਰੀ।